A-9/ 2022
ਵੋਟਰ ਬਣੋ - ਜੁੰਮੇਵਾਰ ਬਣੋ

Be Voter - Be responsible

ਦਫਤਰ ਜਿਲ੍ਹਾ ਸਿਖਿਆ ਅਫ਼ਸਰ(ਸੈ:ਸਿ), ਜਲੰਧਰ
ਮਿਸ਼ਨ ਕੰਪਾਊਂਡ, ਜਲੰਧਰ

**Office of District Education Officer(S.E),Jalandhar**
**Mission Compound, Jalandhar**
**☎ 0181-2402078 email ID** deose.jalandhar@punjabeducation.gov.in

ਵੱਲ,

ਸਮੂਹ ਪ੍ਰਿੰਸੀਪਲ/ਹੈਡਮਾਸਟਰ
ਸਸਸਸ/ਸਹਸ ਜਿਲ੍ਹਾ ਜਲੰਧਰ।

ਪੱਤਰ ਨੰ. ਲੇਖਾ-9/2023 22375)
ਮਿਤੀ, ਜਲੰਧਰ : 10.08.2023

ਵਿਸ਼ਾ:- ਸਕੂਲ ਪ੍ਰਿੰਸੀਪਲ/ਹੈਡਮਾਸਟਰ ਦਾ **ihrms** ਤੇ ਪੈਨਸ਼ਨ ਕੇਸ ਤਿਆਰ ਕਰਨ ਲਈ **Establishment office** ਬਦਲਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.06.2023 ਤੋਂ **ihrms** ਤੇ ਪੈਨਸ਼ਨ ਮਡਿਊਲ ਸ਼ੁਰੂ ਹੋ ਚੁੱਕਾ ਹੈ ਅਤੇ ਮਹਾਂਲੇਖਾਕਾਰ ਪੰਜਾਬ ਨੂੰ ਪੈਨਸ਼ਨ ਕੇਸ ihrms ਰਾਹੀਂ ਹੀ ਆਨ ਲਾਈਨ ਭੇਜੇ ਜਾਣੇ ਹਨ ਅਤੇ ਕੋਈ ਵੀ ਮੈਨੂਅਲ ਪੈਨਸ਼ਨ ਕੇਸ ਸਵੀਕਾਰ ਨਹੀਂ ਕੀਤਾ ਜਾਣਾ।ਇਸ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਪ੍ਰਿੰਸੀਪਲਾਂ/ਹੈਡਮਾਸਟਰਾਂ ਵਲੋਂ ਆਪਣਾ Establishment office ਆਪਣੇ ਅਧੀਨ ਹੀ ਰੱਖਿਆ ਹੋਇਆ ਹੈ, ਜਿਸ ਕਰਕੇ ਤਕਨੀਕੀ ਤੌਰ ਤੇ ਪੈਨਸ਼ਨ ਕੇਸ ਪ੍ਰੋਸੈਸ ਕਰਨ ਵਿੱਚ ਅੜ੍ਹਚਨ ਆ ਰਹੀ ਹੈ।ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ **ihrms** ਤੇ ਆਪਣੀ ਪੋਸਟਿੰਗ ਆਪਣੇ ਦਫ਼ਤਰ ਅਧੀਨ ਹੀ ਰੱਖਦੇ ਹੋਏ Establishment office ਜਿਲ੍ਹਾ ਸਿੱਖਿਆ ਅਫ਼ਸਰ(ਸੈ:ਸਿ),ਜਲੰਧਰ ਅਧੀਨ ਕੀਤਾ ਜਾਵੇ।ਜਿਹੜੇ ਅਧਿਕਾਰੀ ਇਸ ਮਹੀਨੇ ਤੋਂ ਅਗਲੇ ਛੇ ਮਹੀਨਿਆਂ ਵਿੱਚ ਸੇਵਾਮੁਕਤ ਹੋ ਰਹੇ ਹਨ ਉਹ ਉਕਤ ਅਨੁਸਾਰ ਤੁਰੰਤ ਕਾਰਵਾਈ ਕਰਨ ਅਤੇ ਆਪਣੇ ਪੈਨਸ਼ਨ ਕੇਸ ਲਈ ਆਪਣੀ ihrms ਆਈ.ਡੀ.ਤੇ ਆਪਣੇ ਮੰਗੇ ਗਏ ਵੇਰਵੇ ਭਰ ਕੇ ਇਸ ਦਫ਼ਤਰ ਤੋਂ ਹਸਤਾਖਰਿਤ ਕਰਵਾ ਕੇ ਅਪਲੋਡ ਕਰਨ ਅਤੇ ਆਨਲਾਈਨ ਇਸ ਦਫ਼ਤਰ ਨੂੰ ਭੇਜਣ ਤਾਂ ਜੋ ਉਨ੍ਹਾਂ ਦਾ ਪੈਨਸ਼ਨ ਕੇਸ ਮਹਾਂਲੇਖਾਕਾਰ ਪੰਜਾਬ,ਚੰਡੀਗੜ੍ਹ ਜੀ ਨੂੰ ਅਗਲੇਰੀ ਕਾਰਵਾਈ /ਪ੍ਰਵਾਨਗੀ ਲਈ ਭੇਜਣ ਲਈ ਕੋਈ ਦਿੱਕਤ ਪੇਸ਼ ਨਾ ਆਵੇ। ਇਸ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਜਿਲਾ ਸਿੱਖਿਆ ਅਫ਼ਸਰ (ਸੈ:ਸਿ:),
ਜਲੰਧਰ।